Adobe Scan 12 May 2026.pdf

Open with Google Docs

**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸ.ਅ.ਸ. ਨਗਰ**
**ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਸ.ਅ.ਸ. ਨਗਰ**
**(ਪ੍ਰਮੋਸ਼ਨ ਸੈੱਲ)**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.),
ਪੰਜਾਬ।

ਮੀਮੋ ਨੰ: ੬੧-539042
ਮਿਤੀ, ਸ.ਅ.ਸ. ਨਗਰ: 12.05.26

ਵਿਸ਼ਾ:- **ਸਾਲ 2025-26 ਵਿੱਚ ਈ.ਟੀ.ਟੀ. / ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦਉੱਨਤ ਹੋਏ ਕਰਮਚਾਰੀਆਂ ਦੇ TET ਪਾਸ / ਫੇਲ ਸਬੰਧੀ ਸੂਚਨਾ ਮੁਹੱਈਆ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਾਲ 2025-26 ਦੌਰਾਨ ਈ.ਟੀ.ਟੀ. / ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦਉੱਨਤ ਕਰਮਚਾਰੀਆਂ ਦੇ ਹੁਕਮ ਜਾਰੀ ਕੀਤੇ ਗਏ ਸਨ ਪਰ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਕੀਤੇ ਹੁਕਮਾਂ ਦੀ ਪਾਲਣਾ ਅਨੁਸਾਰ ਵਿਭਾਗ ਵਲੋਂ ਪੰਜਾਬ ਰਾਜ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦਾ ਟੈੱਟ ਟੈਸਟ ਲਿਆ ਗਿਆ ਸੀ। ਹੁਣ ਵਿਭਾਗ ਵਲੋਂ ਟੈੱਟ ਦਾ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਹੈ। ਇਸ ਲਈ ਵੱਖ-ਵੱਖ ਮਿਤੀਆਂ ਰਾਹੀਂ ਜਾਰੀ ਕੀਤੇ ਗਏ ਹੁਕਮਾਂ ਵਿੱਚ ਦਰਜ ਕਰਮਚਾਰੀਆਂ ਬਾਬਤ TET ਪਾਸ/ਫੇਲ ਸਬੰਧੀ ਸੂਚਨਾ ਹੇਠ ਦਰਸਾਏ ਪ੍ਰੋਫਾਰਮੇ ਅਨੁਸਾਰ ਮੁਹੱਈਆ ਕਰਵਾਉਣੀ ਯਕੀਨੀ ਬਣਾਈ ਜਾਵੇ:-

| ਲੜੀ ਨੰ | ਸਟਾਫ ਆਈ.ਡੀ | ਸਕੂਲ ਦਾ ਨਾਮ | ਜ਼ਿਲ੍ਹਾ | ਕਰਮਚਾਰੀ ਦਾ ਨਾਮ | ਪਿਤਾ/ਪਤੀ ਦਾ ਨਾਮ | ਪਦਉੱਨਤੀ ਹੁਕਮਾਂ ਦੀ ਮਿਤੀ | ਪਦਉੱਨਤੀ ਹੁਕਮਾਂ ਵਿੱਚ ਲੜੀ ਨੰ: | ਈ.ਟੀ.ਟੀ. ਜਾਂ ਓ.ਸੀ.ਟੀ. | ਮਾਸਟਰ ਕਾਡਰ ਵਿੱਚ ਵਿਸ਼ਾ | ਟੈੱਟ ਕੁਆਲੀਫਾਈ (ਹਾਂ ਜਾਂ ਨਹੀਂ) | ਜੇਕਰ ਹਾਂ, ਤਾਂ ਟੈੱਟ-1 ਜਾਂ ਟੈੱਟ-2 | ਟੈੱਟ ਵਿੱਚ ਪ੍ਰਾਪਤ ਕੀਤੇ ਗਏ ਅੰਕ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|
| | | | | | | | | | | | | | |

ਜ਼ਰੂਰੀ ਨੋਟ:

1. ਸੂਚਨਾ ਮੁਕੰਮਲ ਰੂਪ ਵਿੱਚ ਕੇਵਲ ਉਕਤ ਪ੍ਰੋਫਾਰਮੇ ਅਨੁਸਾਰ ਭਰੀ ਜਾਵੇ। ਪ੍ਰੋਫਾਰਮੇ ਦਾ ਕੋਈ ਕਾਲਮ ਖਾਲੀ ਨਾ ਛੱਡਿਆ ਜਾਵੇ ਅਤੇ ਪ੍ਰੋਫਾਰਮੇ ਨਾਲ ਛੇੜਛਾੜ ਨਾ ਕੀਤੀ ਜਾਵੇ। ਪ੍ਰੋਫਾਰਮਾ ਭਰਨ ਲਈ ਕੇਵਲ ਰਾਵੀ ਫੌਂਟ ਦੀ ਵਰਤੋਂ ਕੀਤੀ ਜਾਵੇ।
2. ਪ੍ਰੋਫਾਰਮਾ ਮਿਤੀ 14.05.2026 ਨੂੰ ਦਫਤਰ ਛੱਡਣ ਤੋਂ ਪਹਿਲਾਂ ਈਮੇਲ ਆਈ.ਡੀ.- vacancy2025pc@gmail.com ਭੇਜਣੀ ਯਕੀਨੀ ਬਣਾਈ ਜਾਵੇ।
3. ਈਮੇਲ ਵਿੱਚ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਜੀ ਤੋਂ ਪ੍ਰਤੀ ਹਸਤਾਖਰ ਕਰਨ ਉਪਰੰਤ ਪੀ.ਡੀ.ਐਫ. ਅਤੇ ਸਾਫਟ ਕਾਪੀ (ਵਰਡ ਫਾਈਲ) ਨੱਥੀ ਕੀਤੀ ਜਾਵੇ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਇਹ ਯਕੀਨੀ ਬਣਾਉਣਗੇ ਕਿ ਵਿਭਾਗ ਵਲੋਂ ਜਾਰੀ ਕੀਤੀਆਂ ਗਈਆਂ ਤਰੱਕੀਆਂ ਦੇ ਹੁਕਮ ਵਿੱਚ ਦਰਜ ਕਰਮਚਾਰੀਆਂ ਦਾ ਹੀ ਡਾਟਾ ਭੇਜਿਆ ਜਾਵੇ।
5. ਅਧੂਰੀ ਜਾਂ ਗਲਤ ਜਾਣਕਾਰੀ ਭੇਜਣ ਦੀ ਸੂਰਤ ਵਿੱਚ ਮੁਕੰਮਲ ਜਿੰਮੇਵਾਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਦੀ ਨਿੱਜੀ ਹੋਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

12.5.26
ਸਹਾਇਕ ਡਾਇਰੈਕਟਰ (ਪ੍ਰਮੋਸ਼ਨ ਸੈੱਲ)

# ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-1/1( )2026/1095 ਮਿਤੀ 13.5.2026

ਉਪਰੋਕਤ ਦਾ ਉਤਾਰਾ ਸੰਬਧਤ ਸਕੂਲ ਮੁਖੀਆਂ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਹੀ ਦਿੱਤਾ ਪ੍ਰੋਫਾਰਮੇ (ਐਕਸਲ ਸ਼ੀਟ ਵਿਚ ਅਤੇ ਕੇਵਲ **RAAVI FONT** ਵਿਚ ਹੀ)ਭਰਕੇ ਮੇਲ ਆਈਡੀ **davinderdeosebti@gmail.com** ਤੇ ਮਿਤੀ 13.5.2026 ਨੂੰ 4.00 ਵਜੇ ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।ਕਰਮਚਾਰੀ ਦੇ ਟੈੱਟ ਪਾਸ ਦਾ ਸਬੂਤ ਅਤੇ ਪ੍ਰੋਫਾਰਮਾ ਵਿਚ ਭਰੀ ਸੂਚਨਾ ਦੀ ਕਾਪੀ ਇਸ ਦਫਤਰ ਵਿਖੇ ਜਮਾ ਕਰਾਉਣੀ ਯਕੀਨੀ ਬਣਾਈ ਜਾਵੇ।

13/5/26
ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ